(This question paper contains 2 printed pages)

Roll No.

Sl. No of Question Paper: 5328

Unique Paper Code: 212352

E

Name of the Paper: Punjabi Discipline B

Name of the Course: B. A. (Prog.) Punjabi Discipline

Semester: III

Time : 3 Hours

Maximum Marks : 75

**ਨੋਟ :** ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਜ਼ਰੂਰੀ ਹਨ।

1. ਨਾਵਲ 'ਕਮਜ਼ਾਤ', ਤਨਾਉ ਤੇ ਕਟਾਖਸ਼ ਦੀ ਕਹਾਣੀ ਹੈ। ਇਸ ਕਥਨ ਦੇ ਆਧਾਰ 'ਤੇ ਇਸ ਨਾਵਲ ਬਾਰੇ ਵਿਚਾਰ ਕਰੋ। (15)

**ਜਾਂ**

ਫ਼ਖ਼ਰ ਜ਼ਮਾਨ ਦੇ ਨਾਵਲ 'ਕਮਜ਼ਾਤ' ਦੀ ਨਾਵਲੀ-ਵਿਲੱਖਣਤਾ ਬਾਰੇ ਭਰਪੂਰ ਜਾਣਕਾਰੀ ਦਿਉ।

2. ਹੇਠਾਂ ਦਿੱਤੇ ਸਵਾਲਾਂ ਵਿਚੋਂ **ਦੋ** ਦੇ ਸੰਖੇਪ ਉੱਤਰ ਦਿਉ : (5×2=10)
   (ੳ) 'ਕਮਜ਼ਾਤ' ਨਾਵਲ ਵਿਚ ਪੇਸ਼ ਔਰਤ ਦੀ ਸਥਿਤੀ ਬਾਰੇ ਵਿਚਾਰ ਕਰੋ।
   (ਅ) 'ਕਮਜ਼ਾਤ' ਨਾਵਲ ਅੰਦਰ ਕਿਸ ਘਟਨਾ ਨੇ ਤੁਹਾਨੂੰ ਸਭ ਤੋਂ ਵੱਧ ਪ੍ਰਭਾਵਤ ਕੀਤਾ ਹੈ ਤੇ ਕਿਉਂ ?
   (ੲ) ਇਸ਼ਕ ਪਾਤਰ ਆਪਣੀ ਅਸਲ ਪਛਾਣ, ਮਾਣ ਤੇ ਸੱਚ ਮਾਂ ਨੂੰ ਕਹਿੰਦਾ ਹੈ। ਇਵੇਂ ਕੀ ਉਹ ਪਿਉ ਦੀ ਹੋਂਦ ਲਾਜ਼ਮੀ ਹੋਣ 'ਤੇ ਸਵਾਲ ਉਠਾਉਂਦਾ ਹੈ ?

3. ਕਿੱਸਾ ਪੂਰਨ ਭਗਤ ਦੀ, ਪੰਜਾਬੀ ਕਿੱਸਾ-ਕਾਵਿ ਵਿਚ ਕੀ ਵਿਲੱਖਣਤਾ ਹੈ ? ਵਿਚਾਰ ਕਰੋ। (15)

**ਜਾਂ**

'ਕਿੱਸਾ ਸੋਹਣੀ ਮਹੀਂਵਾਲ' ਦੀ ਪ੍ਰੀਤ-ਕਥਾ ਦਾ ਆਲੋਚਨਾਤਮਕ ਅਧਿਐਨ ਕਰੋ।

4. ਹੇਠਾਂ ਦਿੱਤੇ ਸਵਾਲਾਂ ਵਿਚੋਂ **ਦੋ** ਦੇ ਸੰਖੇਪ ਜਵਾਬ ਦਿਉ : (10)

(ੳ) ਕੀ ਪੂਰਨ ਭਗਤ ਨੂੰ ਸਭਿਆਚਾਰਕ ਨਾਇਕ ਕਿਹਾ ਜਾ ਸਕਦਾ ਹੈ ?

(ਅ) ਸੋਹਣੀ ਤੇ ਮਹੀਂਵਾਲ ਵਿਚੋਂ ਕਿਸੇ **ਇਕ** ਪਾਤਰ ਦੀ ਪਾਤਰ ਉਸਾਰੀ ਕਰੋ।

(ੲ) ਹੇਠਾਂ ਦਿੱਤੇ ਕਾਵਿ-ਰੂਪਾਂ ਵਿਚੋਂ **ਇਕ** 'ਤੇ ਨੋਟ ਲਿਖੋ :

ਕਾਫੀ, ਦੋਹਰਾ, ਬੈਂਤ, ਸੀਹਰਫ਼ੀ

5. ਵਾਕ ਨੂੰ ਪਰਿਭਾਸ਼ਤ ਕਰਦਿਆਂ, ਵਾਕਾਂ ਦੀਆਂ ਕਿਸਮਾਂ ਬਾਰੇ ਜਾਣਕਾਰੀ ਦਿਉ। ਪੰਜ ਸੰਯੁਕਤ ਤੇ ਮਿਸ਼ਰਿਤ ਵਾਕ ਵੀ ਬਣਾਉ। (10)

6. (ੳ) ਨਾਂਵ ਕਿਸਨੂੰ ਕਹਿੰਦੇ ਹਨ ? ਨਾਂਵ ਕਿੰਨੇ ਪ੍ਰਕਾਰ ਦੇ ਹਨ ? ਉਦਾਹਰਣਾਂ ਸਹਿਤ ਦਸੋ। (10)

(ਅ) ਕਿਰਿਆ ਵਿਸ਼ੇਸ਼ਣ ਨੂੰ ਪਰਿਭਾਸ਼ਤ ਕਰੋ। ਪੰਜ ਕਿਰਿਆ ਵਿਸ਼ੇਸ਼ਣ ਸ਼ਬਦ ਵੀ ਪੇਸ਼ ਕਰੋ। (5)

—0—